65

# ''ਹੁਣ ਮੇਰੇ ਵਿਚ ਕਿਸ ਗੱਲ ਦਾ ਘਾਟਾ ਹੈ?''

## ਮਰਕੁਸ 10:17-27; ਮੱਤੀ 19:16-26; ਲੂਕਾ 18:18-27, ਇਕ ਨੇੜ ਝਾਤ

ਮੈਡੀਕਲ ਸਾਇੰਸ ਵਿਚ ਹੁਣ ਸਰੀਰ ਦੇ ਅੰਦਰ ਵੇਖਣ ਦੇ ਕਈ ਕਿਸਮ ਦੇ ਔਜ਼ਾਰ ਹਨ, ਜਿਵੇਂ ਐਕਸਰੇ ਮਸ਼ੀਨਾਂ, CAT ਸਕੈਨ, MRI ਅਤੇ ਅਜਿਹੇ ਹੋਰ ਕਈ ਜੰਤਰ। ਤੁਸੀਂ ਹੈਰਾਨ ਹੋ ਸਕਦੇ ਹੋ, ''ਜੇ ਕੋਈ ਕਿਸੇ ਦੇ *ਮਨ* ਦਾ ਐਕਸ-ਰੇ ਲੈ ਕੇ ਇਹ ਵੇਖ ਲਿਆ ਜਾਵੇ ਕਿ ਉਸ ਦੇ ਮਨ 'ਚ ਕੀ ਚੱਲ ਰਿਹਾ ਹੈ, ਤਾਂ ਕੀ ਹੋਵੇ?'' ਯਿਸੂ ਮਨ ਦਾ ਐਕਸਰੇ ਲੈ ਸਕਦਾ ਸੀ। ਉਹ ਮਨ ਦੇ ਅੰਦਰ ਤਕ ਝਾਤੀ ਮਾਰ ਕੇ ਪਰਖ ਸਕਦਾ ਸੀ ਕਿ ਕੋਈ ਇਨਸਾਨ ਅਸਲ ਵਿਚ ਕੀ ਹੈ। ਮਰਕੁਸ 10:17-22 ਵਿਚ ਇਸਦੀ ਇਕ ਮਿਸਾਲ ਹੈ:[1]

> ਜਦ ਉਹ ਬਾਹਰ ਨਿੱਕਲ ਕੇ ਰਾਹ ਵੱਲ ਚੱਲਿਆ ਜਾਂਦਾ ਸੀ ਤਾਂ ਇਕ ਜਣਾ ਉਹਦੇ ਕੋਲ ਦੌੜਿਆ ਆਇਆ ਅਤੇ ਉਹ ਦੇ ਅੱਗੇ ਗੋਡੇ ਨਿਵਾਂ ਕੇ ਉਹ ਨੂੰ ਪੁੱਛਿਆ, ''ਸਤਿ ਗੁਰੂ ਜੀ, ਮੈਂ ਕੀ ਕਰਾਂ ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ?'' ਯਿਸੂ ਨੇ ਉਸ ਨੂੰ ਆਖਿਆ, ''ਤੂੰ ਮੈਨੂੰ ਸਤ ਕਿਉਂ ਕਹਿੰਦਾ ਹੈਂ? ਸਤ ਕੋਈ ਨਹੀਂ ਪਰ ਨਿਰਾ ਇੱਕੋ ਪਰਮੇਸ਼ੁਰ। ਤੂੰ ਹੁਕਮਾਂ ਨੂੰ ਜਾਣਦਾ ਹੈਂ- ਖੂਨ ਨਾ ਕਰ, ਜ਼ਨਾਹ ਨਾ ਕਰ, ਚੋਰੀ ਨਾ ਕਰ, ਝੂਠੀ ਗਵਾਹੀ ਨਾ ਦਿਹ, ਠੱਗੀ ਨਾ ਕਰ, ਆਪਣੇ ਮਾਂ ਪਿਉ ਦਾ ਆਦਰ ਕਰ।'' ਉਸ ਨੇ ਉਹ ਨੂੰ ਕਿਹਾ, ''ਗੁਰੂ ਜੀ, ਮੈਂ ਆਪਣੇ ਬਾਲਕ ਪੁਣੇ ਤੋਂ ਉਨ੍ਹਾਂ ਸਭਨਾਂ ਨੂੰ ਮੰਨਦਾ ਆਇਆ ਹਾਂ।'' ਯਿਸੂ ਨੇ ਉਹ ਦੀ ਵੱਲ ਵੇਖ ਕੇ ਉਹ ਨੂੰ ਪਿਆਰ ਕੀਤਾ ਅਤੇ ਉਹ ਨੂੰ ਆਖਿਆ, ''ਤੇਰੇ ਵਿਚ ਇਕ ਗੱਲ ਦਾ ਘਾਟਾ ਹੈ। ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿਚ ਧਨ ਮਿਲੇਗਾ ਅਤੇ ਆ, ਮੇਰੇ ਪਿੱਛੇ ਹੋ ਤੁਰ।'' ਪਰ ਉਹ ਇਸ ਗੱਲੋਂ ਭੈੜਾ ਪਿਆ ਅਤੇ ਉਦਾਸ ਹੋ ਕੇ ਚਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ।

### ਉਸ ਜਵਾਨ ਦੀ ਜ਼ਿੰਦਗੀ ਵਿਚ ਕਿਸ ਗੱਲ ਦੀ ਘਾਟ ਸੀ?

ਕੁਝ ਲੋਕ, ਮੈਨੂੰ ਉਸੇ ਵੇਲੇ ਪਸੰਦ ਆ ਜਾਂਦੇ ਹਨ; ਜਦਕਿ ਦੂਜਿਆਂ ਨੂੰ ਸਮਝਣ ਲਈ ਸਾਨੂੰ ਕੁਝ ਸਮਾਂ ਲੱਗਦਾ ਹੈ। ਇਹ ਜਵਾਬ ਜਿਹੜਾ ਮਰਕੁਸ 10 ਅਧਿਆਇ ਵਿਚ ਯਿਸੂ ਕੋਲ ਆਇਆ ਸੀ, ਇਹੋ ਜਿਹਾ ਹੈ ਜਿਸ ਨੂੰ ਅਸੀਂ ਉਸੇ ਵੇਲੇ ਪਸੰਦ ਕਰਨ ਲੱਗਦੇ ਹਾਂ। ਉਸ ਵਿਚ ਕਈ ਸਲਾਹੁਣਯੋਗ ਗੁਣ ਸਨ।

(1) ਉਹ ਸਹੀ ਰਾਹ ਤੇ ਆਇਆ: ਉਹ ਯਿਸੂ ਨਾਲ ਮੁਲਾਕਾਤ ਕਰਨ ਲਈ ਦੌੜਿਆ ਆਇਆ। ਸਾਨੂੰ ਆਮ ਤੌਰ ਤੇ ਉਹੋ ਲੋਕ ਪਸੰਦ ਹੁੰਦੇ ਹਨ, ਜਿਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਨੂੰ ਕੀ ਚਾਹੀਦਾ ਹੈ

ਅਤੇ ਆਪਣਾ ਟੀਚਾ ਹਾਸਲ ਕਰਨ ਲਈ ਉਹ ਛੇਤੀ ਕਰਦੇ ਹਨ। ਇਸ ਦੇ ਇਲਾਵਾ, ਇਸ ਆਦਮੀ ਨੇ ਮਸੀਹ ਦੇ ਅੱਗੇ ਗੋਡੇ ਨਿਵਾਏ। ਉਹ ਅਜਿਹਾ ਬਾਗ਼ੀ ਜਵਾਨ ਸੀ, ਜੋ ਇਖ਼ਤਿਆਰ ਦਾ ਸਨਮਾਨ ਨਾ ਕਰਦਾ ਹੋਵੇ।

(2) ਉਹ ਸਹੀ ਮਕਸਦ ਨਾਲ ਆਇਆ: ਉਸ ਉਮਰ ਵਿਚ, ਜਦ ਜ਼ਿਆਦਾਤਰ ਲੋਕ ਸਿਰਫ਼ ਇਸ ਜ਼ਿੰਦਗੀ ਬਾਰੇ ਸੋਚਦੇ ਹਨ, ਉਸਦਾ ਧਿਆਨ ਉਸ ਗੱਲ ਅਰਥਾਤ ਸਦੀਪਕ ਜੀਉਣ ਤੇ ਸੀ, ਜੋ ਅਸਲ ਵਿਚ ਮਹੱਤਵਪੂਰਣ ਹੈ।

(3) ਉਹ ਸਹੀ ਥਾਂ ਆਇਆ: ਉਹਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ ਕਿ ਉਸਦੇ ਸਾਥੀ ਕੀ ਕਹਿਣਗੇ, ਲੋਕ ਕੀ ਸੋਚਣਗੇ ਜਾਂ ਧਾਰਮਿਕ ਅਧਿਕਾਰੀ ਕੀ ਸਿਖਾਉਂਦੇ ਹਨ। ਜਵਾਬ ਪਾਉਣ ਲਈ ਉਹ *ਮਸੀਹ* ਦੇ ਕੋਲ ਆਇਆ।

(4) ਉਹ ਸਹੀ ਸਮੇਂ ਤੇ ਆਇਆ: ਜਦੋਂ ਉਹ ਜਵਾਨ ਹੀ ਸੀ। ਬੁੱਧਵਾਨ ਨੇ ਕਿਹਾ ਹੈ, ''ਆਪਣੀ ਜੁਆਨੀ ਦੇ ਦਿਨੀਂ ਆਪਣੇ ਰਚਣਹਾਰੇ ਨੂੰ ਚੇਤੇ ਰੱਖ, ਜਦ ਕਿ ਉਹ ਸਾਡੇ ਦਿਨ ਅਜੇ ਨਹੀਂ ਆਏ, ਅਤੇ ਉਹ ਵਰ੍ਹੇ ਅਜੇ ਨੇੜੇ ਨਹੀਂ ਪੁੱਜੇ ਜਿਨ੍ਹਾਂ ਵਿਚ ਤੂੰ ਆਖੇਂਗਾ, ਇਨ੍ਹਾਂ ਵਿਚ ਮੈਨੂੰ ਕੁਝ ਖੁਸ਼ੀ ਨਹੀਂ ਹੈ'' (ਉਪਦੇਸ਼ਕ ਦੀ ਪੋਥੀ 12:1)।

ਇਨ੍ਹਾਂ ਚੰਗੀਆਂ ਖੂਬੀਆਂ ਦੇ ਬਾਵਜੂਦ, ਉਸ ਨੇ ਇਸ ਗੱਲ ਨੂੰ ਸਮਝਿਆ ਕਿ ਉਸਦੀ ਜ਼ਿੰਦਗੀ ਵਿਚ ਕਿਸੇ ਗੱਲ ਦੀ ਘਾਟ ਸੀ। ਉਸਨੇ ਪੁੱਛਿਆ, ''ਸਤ ਗੁਰੂ ਜੀ, ਮੈ ਕੀ ਕਰਾਂ ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ?'' (ਮਰਕੁਸ 10:17)।

ਕੀ ਤੁਸੀਂ ਕਦੀ ਅਜਿਹਾ ਸਵਾਲ ਪੁੱਛਿਆ ਹੈ, ਜਿਸਦਾ ਬੇਮੇਲ ਲੱਗਣ ਵਾਲਾ ਜਵਾਬ ਮਿਲਿਆ ਹੋਵੇ? ਪਹਿਲੀ ਨਜ਼ਰ ਵਿਚ, ਯਿਸੂ ਦਾ ਜਵਾਬ ਇਵੇਂ ਹੀ ਲੱਗਦਾ ਹੈ: ''ਤੂੰ ਮੈਨੂੰ ਸਤ ਕਿਉਂ ਕਹਿੰਦਾ ਹੈ? ਕੋਈ ਸਤਿ ਨਹੀਂ ਪਰ ਨਿਰਾ ਇੱਕੋ ਪਰਮੇਸ਼ੁਰ'' (ਮਰਕੁਸ 10:18)।

ਕੁਝ ਲੋਕ ਜੋ ਮਸੀਹ ਦੇ ਖ਼ੁਦਾ ਹੋਣ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਇਹ ਸਾਬਿਤ ਕਰਨ ਲਈ ਕਿ ਯਿਸੂ ਦੇ ਆਪ ਖ਼ੁਦਾ ਹੋਣ ਦਾ ਇਨਕਾਰ ਕੀਤਾ ਹੈ, ਇਹੀ ਆਇਤ ਵਰਤਦੇ ਹਨ। ਪਰ ਕਈ ਥਾਵਾਂ ਤੇ ਮਸੀਹ ਨੇ ਆਪਣੇ ਖ਼ੁਦਾ ਹੋਣ ਦੀ ਤਸਦੀਕ ਵੀ ਕੀਤੀ ਹੈ। ਉਦਾਹਰਣ ਲਈ ਯੂਹੰਨਾ 14:9 ਵਿਚ ਉਸਨੇ ਆਖਿਆ, ''ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ।'' ਇੱਥੇ ਉਸਦਾ ਇਸ ਗੱਲ ਤੋਂ ਇਨਕਾਰ ਕਰਨ ਦਾ ਸਵਾਲ ਹੀ ਨਹੀਂ ਹੋਣਾ ਸੀ। ਅਸਲ ਵਿਚ ਯਿਸੂ ਦੇ ਸ਼ਬਦਾਂ ਨੂੰ ਹੋਰ ਗਹਿਰਾਈ ਨਾਲ ਵੇਖਣ ਤੇ ਸਾਨੂੰ ਪਤਾ ਲੱਗਦਾ ਹੈ ਕਿ ਆਪਣੇ ਖ਼ੁਦਾ ਹੋਣ ਦਾ ਇਨਕਾਰ ਕਰਨ ਦੀ ਥਾਂ, ਉਸ ਨੇ ਉਸਦੀ ਤਸਦੀਕ ਹੀ ਕੀਤੀ। ਉਸ ਆਦਮੀ ਨੇ ਮਸੀਹ ਨੂੰ ''ਸਤ *ਗੁਰੂ*'' ਆਖਿਆ ਸੀ, ਜਿਸ ਵਿਚ ਇਸ ਗੱਲ ਦਾ ਕੋਈ ਸੰਕੇਤ ਨਹੀਂ ਸੀ ਕਿ ਉਸ ਨੂੰ ਯਿਸੂ ਦੇ ਮਸੀਹਾ ਹੋਣ ਦੀ ਸਮਝ ਸੀ। ਜੇ ਯਿਸੂ ''ਸਤ'' ਸੀ, ਤਾਂ ਉਹ *ਖ਼ੁਦਾ* ਹੀ ਹੋਣਾ ਚਾਹੀਦਾ ਹੈ। ਕਿਉਂਕਿ ਚੰਗਾ ਤਾਂ ਸਿਰਫ਼ ਖ਼ੁਦਾ ਹੀ ਹੈ।

ਯਿਸੂ ਦੀ ਗੱਲ ਦੋ ਧਾਰੀ ਤਲਵਾਰ ਹੈ। ਇਹ ਉਨ੍ਹਾਂ ਲੋਕਾਂ ਨੂੰ ਦੋਸ਼ੀ ਠਹਿਰਾਉਂਦੀ ਹੈ, ਜੋ ਕਹਿੰਦੇ ਹਨ ਕਿ ਚੰਗਾ ਸੀ ਪਰ ਖ਼ੁਦਾ ਨਹੀਂ: ਜੇ ਉਹ ਸੱਚ ਸੀ, ਤਾਂ ਉਹ ਖ਼ੁਦਾ ਸੀ; ਅਤੇ ਜੇ ਉਹ ਖ਼ੁਦਾ ਨਹੀਂ ਸੀ, ਤਾਂ ਉਹ ਸੱਚ ਵੀ ਨਹੀਂ ਸੀ। ਇਹ ਗੱਲ ਉਨ੍ਹਾਂ ਲੋਕਾਂ ਨੂੰ ਵੀ ਦੋਸ਼ੀ ਠਹਿਰਾਉਂਦੀ ਹੈ, ਜੋ ਸੋਚਦੇ ਹਨ ਕਿ ਉਹ ਇੰਨੇ ਚੰਗੇ ਹਨ ਕਿ ਆਪਣੀਆਂ ਨੇਕੀਆਂ ਨਾਲ ਮੁਕਤੀ ਪਾ ਲੈਣਗੇ। ''ਸੱਚ ਕੋਈ ਨਹੀਂ ਸਿਵਾਇ ਇਕ ਪਰਮੇਸ਼ੁਰ ਦੇ।''

ਆਪਣੇ ਖ਼ੁਦਾ ਹੋਣ ਦੀ ਧਾਰਨਾ ਦੀ ਪਹਿਚਾਣ ਕਰਵਾਉਣ ਤੋਂ ਬਾਅਦ, ਮਸੀਹ ਨੇ ਉਸ ਆਦਮੀ ਦੇ ਸਵਾਲ ਦਾ ਜਵਾਬ ਦਿੱਤਾ: ''ਤੂੰ ਹੁਕਮਾਂ ਨੂੰ ਜਾਣਦਾ ਹੈਂ– ਖੂਨ ਨਾ ਕਰ, ਜ਼ਨਾਹ ਨਾ ਕਰ, ਚੋਰੀ ਨਾ ਕਰ, ਝੂਠੀ ਗਵਾਹੀ ਨਾ ਦਿਹ, ਠੱਗੀ ਨਾ ਕਰ, ਆਪਣੇ ਮਾਂ ਪਿਓ ਦਾ ਆਦਰ ਕਰ।'' ਜਵਾਨ ਖੋਜੀ ਨੇ ਇਕ ਆਮ ਜਿਹੀ ਗਲਤੀ ਕੀਤੀ ਸੀ; ਉਸਨੇ ਸੋਚਿਆ ਕਿ ਇਕ ਗਿਆਨੀ ਗੁਰੂ ਨੂੰ ਖ਼ੁਦਾ ਦੇ

ਬੁਨਿਆਦੀ ਹੁਕਮਾਂ ਵਿਚ ਹੋਰ ਜੋੜਨਾ ਚਾਹੀਦਾ ਹੈ। ਬਹੁਤ ਸਾਰੇ ਲੋਕਾਂ ਨੂੰ ਨਵੇਂ ਨੇਮ ਦੀ ਮਸੀਹੀਅਤ ਇੰਨੀ ਅਸਾਨ ਅਤੇ ਆਪਣੇ ਸੁਆਦ ਲਈ ਫਿੱਕੀ ਲੱਗਦੀ ਹੈ ਕਿ ਉਹ ਹੋਰ ਚਾਹੁੰਦੇ ਹਨ। ਉਹ ਹੋਰ ਚਾਹੁੰਦੇ ਹਨ, ਇਸ ਕਰਕੇ ਉਹ ਹੋਰ ਜੋੜ ਲੈਂਦੇ ਹਨ (2 ਤਿਮੋਥਿਉਸ 4:3, 4)। ਪਰ ਯਿਸੂ ਨੇ ਉਸ ਆਦਮੀ ਨੂੰ *ਖ਼ੁਦਾ* ਦੀਆਂ ਸ਼ਰਤਾਂ ਚੇਤੇ ਕਰਵਾਈਆਂ। ਮੱਤੀ ਮੁਤਾਬਿਕ, ''ਜੇ ਤੂੰ ਜੀਉਣ ਵਿਚ ਵੜਨਾ ਚਾਹੁੰਦਾ ਹੈ, ਤਾਂ ਹੁਕਮਾਂ ਨੂੰ ਮੰਨ'' (ਮੱਤੀ 19:17)।

ਲੋਕ ''ਕੁਝ ਨਾ ਕਰਨ ਵਾਲਾ'' ਧਰਮ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਰੋਮੀਆਂ 4:5 ਲੈ ਕੇ (''ਜੋ ਕੰਮ ਨਹੀਂ ਕਰਦਾ'') ਇਹ ਜ਼ੋਰ ਦੇਣ ਦੀ ਕਲਪਨਾ ਕਰ ਸਕਦਾ ਹਾਂ ਕਿ ਇਸ ਵਿਚ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਕੰਮ ਕਰਨਾ ਹੀ ਨਹੀਂ ਚਾਹੀਦਾ।[2] ਯਿਸੂ ਨੇ ਦੱਸਿਆ ਕਿ ਹਮੇਸ਼ਾ ਦੀ ਜ਼ਿੰਦਗੀ ਪਾਉਣ ਲਈ ਖ਼ੁਦਾ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਉਸ ਸਮੇਂ, ਅਰਥਾਤ ਮਸੀਹ ਦੀ ਮੌਤ ਤੋਂ ਪਹਿਲਾਂ, ਹੁਕਮ ਮੂਸਾ ਦੀ ਸ਼ਰ੍ਹਾ ਵਾਲੇ ਹੀ ਸਨ।[3] ਇਸ ਲਈ ਯਿਸੂ ਨੇ ਦਸ ਹੁਕਮਾਂ ਵਿੱਚੋਂ ਦੁਹਰਾਇਆ। ਅੱਜ ਅਸੀਂ ਮਸੀਹ ਦੇ ਨਵੇਂ ਨੇਮ ਅਧੀਨ ਰਹਿ ਰਹੇ ਹਾਂ ਅਤੇ ਪ੍ਰਭੂ ਦੇ ਹੁਕਮ ਅੱਜ ਵੀ ਪ੍ਰਭਾਵੀ ਹਨ। ਯਿਸੂ ਨੇ ਕਿਹਾ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ'' (ਯੂਹੰਨਾ 14:15)। ਯੂਹੰਨਾ ਨੇ ਲਿਖਿਆ ਹੈ, '' ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ'' (1 ਯੂਹੰਨਾ 5:3)।

ਉਹ ਹੁਕਮ ਕਿਹੜੇ ਹਨ? ਮੈਂ ਤੁਹਾਨੂੰ ਉਨ੍ਹਾਂ ਵਿੱਚੋਂ ਕੁਝ ਚੇਤੇ ਕਰਾਉਂਦਾ ਹਾਂ:[4] ਮਸੀਹ ਨੇ ਕਿਹਾ, ''ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ''; ''ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ''; ''ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ, ਉਹਦਾ ਇਕਰਾਰ ਕਰਾਂਗਾ''; ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ'' (ਯੂਹੰਨਾ 8:24; ਲੂਕਾ 13:3; ਮੱਤੀ 10:32; ਮਰਕੁਸ 16:16)। ਉਨ੍ਹਾਂ ਨੂੰ ਜਿਹੜੇ ਪਹਿਲਾਂ ਹੀ ਚੇਲੇ ਸਨ, ਯਿਸੂ ਨੇ ਆਖਿਆ, ''... ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ'' (ਮੱਤੀ 10:22)।

ਚੇਤੇ ਰੱਖੋ, ਹਮੇਸ਼ਾ ਦੀ ਜ਼ਿੰਦਗੀ ਪਾਉਣ ਬਾਰੇ ਜਾਣਨ ਲਈ ਲੋਕਾਂ ਵੱਲ ਨਾ ਵੇਖੋ; ਬਾਈਬਲ ਵਿੱਚੋਂ ਵੇਖੋ। ਇਹ ਵੀ ਚੇਤੇ ਰੱਖੋ ਕਿ ਮਸੀਹ ਨੇ ਸਿਖਾਇਆ ਹੈ ਕਿ ਸਾਨੂੰ ਖ਼ੁਦਾ ਦੇ ਫ਼ਜ਼ਲ ਅਤੇ ਰਹਿਮ ਨੂੰ ਪਾਉਣ ਲਈ ਕੁਝ *ਕਰਨਾ* ਜ਼ਰੂਰੀ ਹੈ।

ਜਦੋਂ ਯਿਸੂ ਨੇ ਉਸ ਜਵਾਨ ਨੂੰ ਸਾਰੇ ਹੁਕਮ ਮੰਨਣ ਲਈ ਕਿਹਾ, ਤਾਂ ਇੰਨੇ ਨਾਲ ਉਹਦੀ ਤਸੱਲੀ ਨਹੀਂ ਹੋਈ। ਉਸ ਨੇ ਕਿਹਾ, ''ਗੁਰੂ ਜੀ, ਮੈਂ ਬਾਲਕਪੁਣੇ ਤੋਂ ਉਨ੍ਹਾਂ ਸਭਨਾਂ ਨੂੰ ਮੰਨਦਾ ਆਇਆ ਹਾਂ।'' ਤੁਸੀਂ ਨਹੀਂ ਚਾਹੁੰਦੇ ਕਿ ਕਾਸ਼ ਤੁਸੀਂ ਵੀ ਇਸ ਤਰ੍ਹਾਂ ਕਹਿ ਸਕਦੇ? ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਸ ਤਰ੍ਹਾਂ ਨਹੀਂ ਕਹਿ ਸਕਦੇ। ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਹਮੇਸ਼ਾ ਸਹੀ ਨਹੀਂ ਕੀਤਾ ਹੈ। ਦੂਜੀ ਇਹ ਕਿ ਬਾਲਕਪੁਣੇ ਵਿਚ ਅਸੀਂ ਸਹੀ ਕੰਮ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਹੋਵੇਗੀ। ਜਵਾਨ ਮੁੰਡੇ ਅਤੇ ਕੁੜੀਆਂ ਨੂੰ ਵੇਖ ਕੇ, ਜਿਨ੍ਹਾਂ ਨੇ ਪਹਿਲਾਂ ਤੋਂ ਹੀ ਖ਼ੁਦਾ ਦੀ ਮਰਜ਼ੀ ਅੱਗੇ ਆਪਣੇ ਆਪ ਨੂੰ ਦੇ ਦਿੱਤਾ ਹੈ, ਕਿੰਨਾ ਚੰਗਾ ਲਗਦਾ ਹੈ।

ਇੱਥੇ, ਮੱਤੀ ਮੁਤਾਬਿਕ ਉਸ ਆਦਮੀ ਨੇ ਪੁੱਛਿਆ, ''ਹੁਣ ਮੇਰੇ ਵਿਚ ਕੀ ਘਾਟਾ ਹੈ?'' (ਮੱਤੀ 19:20)। ਉਸ ਨੇ ਉਹ ਸਭ ਕੀਤਾ ਸੀ ਜੋ ਉਹਨੂੰ ਪਤਾ ਸੀ ਕਿ ਉਸ ਨੂੰ ਕੀ ਕਰਨਾ ਜ਼ਰੂਰੀ ਹੈ, ਇਸ ਲਈ ਉਸ ਨੇ ਪੁੱਛਿਆ ਕਿ ''ਹੁਣ ਮੇਰੇ ਵਿਚ ਕੀ ਘਾਟਾ ਹੈ?'' ਸਾਡੇ ਵਿੱਚੋਂ ਹਰ ਕਿਸੇ ਨੂੰ ਸੰਜੀਦਗੀ ਨਾਲ ਮਨ ਨੂੰ ਟੋਹਣ ਵਾਲੇ ਇਸ ਸਵਾਲ ਤੇ ਵਿਚਾਰ ਕਰਨਾ ਚਾਹੀਦਾ ਹੈ।

ਜਦੋਂ ਉਸ ਜਵਾਨ ਨੇ ਪੁੱਛਿਆ ਕਿ ਉਸ ਵਿਚ ਕਿਸ ਗੱਲ ਦਾ ਘਾਟਾ ਹੈ, ਤਾਂ ''ਯਿਸੂ ਨੇ ਉਹ ਦੇ ਵੱਲ ਵੇਖ ਕੇ ਉਹ ਨੂੰ ਪਿਆਰ ਕੀਤਾ'' (ਮਰਕੁਸ 10:21; KJV)। ਜਿਵੇਂ ਕਿ ਇਸ ਸਰਮਨ ਦੀ

ਸ਼ੁਰੂਆਤ ਵਿਚ ਧਿਆਨ ਦੁਆਇਆ ਗਿਆ ਹੈ ਕਿ ਪ੍ਰਭੂ ਕਿਸੇ ਵੀ ਇਨਸਾਨ ਅੰਦਰ ਵੇਖ ਸਕਦਾ ਹੈ। ਉਸ ਨੇ ਜਦ ਇਸ ਆਦਮੀ ਦੇ ਮਨ ਵਿਚ ਵੇਖਿਆ, ਤਾਂ ਉਸ ਨੂੰ ਵੇਖ ਕੇ ਚੰਗਾ ਲੱਗਾ। ਉਸ ਨੂੰ ਵੇਖ ਕੇ ਸਭ ਕੁਝ ਚੰਗਾ ਨਹੀਂ ਲੱਗਾ, ਪਰ ਉਸ ਅੰਦਰ ਨਿਸ਼ਕਪਟਤਾ ਸੀ ਅਤੇ ਬਹੁਤ ਕਾਬਲੀਅਤ ਸੀ। ਇਸ ਲਈ ''ਯਿਸੂ ਨੇ ... ਉਹ ਨੂੰ ਪਿਆਰ ਕੀਤਾ।''

ਕੀ ਤੁਸੀਂ ਕਦੀ ਆਪਣੇ ਕਿਸੇ ਅਜ਼ੀਜ਼ ਨੂੰ ਇਸ ਤਰ੍ਹਾਂ ਕਿਹਾ ਹੈ, ਇਹ ਜਾਣਦੇ ਹੋਏ ਕਿ ਤੁਹਾਡੀ ਗੱਲ ਨਾਲ ਕੁਝ ਚਿਰ ਲਈ ਉਨ੍ਹਾਂ ਨੂੰ ਦੁੱਖ ਹੋਵੇਗਾ, ਪਰ ਤੁਸੀਂ ਉਨ੍ਹਾਂ ਦੇ ਭਲੇ ਲਈ ਕਹਿ ਦਿੱਤਾ, ਕਿਉਂਕਿ ਤੁਸੀ ਉਨ੍ਹਾਂ ਨਾਲ ਪਿਆਰ ਕਰਦੇ ਸੀ? ਯਿਸੂ ਨੇ ਵੀ ਇਹੋ ਕਿਹਾ। ਯਿਸੂ ਜਾਣਦਾ ਸੀ ਕਿ ਉਸ ਆਦਮੀ ਦੀ ਕੀ ਮੁਸ਼ਕਿਲ ਹੈ ਅਤੇ *ਇਸ ਲਈ* ਕਿ ਉਹ ਉਸ ਨਾਲ ਪਿਆਰ ਕਰਦਾ ਸੀ।[5] ਉਸ ਨੇ ਕਿਹਾ, ''ਤੇਰੇ ਵਿਚ ਇਕ ਗੱਲ ਦਾ ਘਾਟਾ ਹੈ। ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿਚ ਧਨ ਮਿਲੇਗਾ ਅਤੇ ਆ, ਮੇਰੇ ਪਿੱਛੇ ਹੋ ਤੁਰ।''

ਪ੍ਰਭੂ ਦੇ ਸ਼ਬਦਾਂ ਨੂੰ ਸਮਝਣ ਲਈ ਦੋ ਗੱਲਾਂ ਧਿਆਨ ਵਿਚ ਰੱਖੋ। ਪਹਿਲੀ, ਯਿਸੂ ਦੇ ਮਨ ਵਿਚ ਜ਼ਾਹਿਰ ਤੌਰ ਤੇ ਇਸ ਜਵਾਨ ਲਈ ਇਕ ਖ਼ਾਸ ਕੰਮ ਸੀ। ਹੁਕਮ ਇਹੀ ਸਨ ਕਿ *ਪੂਰਣਕਾਲੀ* ਚੇਲੇ ਬਣਨ ਲਈ ਕੀ ਜ਼ਰੂਰੀ ਹੈ: ''ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਅਤੇ ਮੇਰੇ ਪਿੱਛੇ ਹੋ ਤੁਰ'' (ਵੇਖੋ ਮੱਤੀ 4:18–22; ਲੂਕਾ 5:11, 27, 28)।

ਦੂਜੀ *ਕਿਸੇ ਵੀ* ਚੇਲੇ ਲਈ ਪਹਿਲੀ ਸ਼ਰਤ ਪ੍ਰਭੂ ਲਈ *ਪੂਰਾ ਸਮਰਪਣ* ਦਾ ਹੋਣਾ ਹੈ। ਪਰਮੇਸ਼ੁਰ ''ਅਣਖ ਵਾਲਾ ਪਰਮੇਸ਼ੁਰ'' ਹੈ (ਕੂਚ 20:5), ਅਤੇ ਉਹ ਸਹਿਣ ਨਹੀਂ ਕਰੇਗਾ। ਉਸ ਜਵਾਨ ਦੇ ਮਾਮਲੇ ਵਿਚ, ਉਸਦਾ ਧਿਆਨ ਉਸਦੀ ਜਾਇਦਾਦ ਤੇ ਇੰਨਾ ਜ਼ਿਆਦਾ ਸੀ ਕਿ ਉਹ ਮਸੀਹ ਦਾ ਚੇਲਾ ਨਹੀਂ ਬਣ ਸਕਦਾ ਸੀ। ਉਸ ਦਾ ਧਨ ਉਸ ਦੇ ਅਤੇ ਸੰਪੂਰਣ ਸਮਰਪਣ ਦਰਮਿਆਨ ਰੁਕਾਵਟ ਬਣ ਗਿਆ, ਇਸ ਲਈ ਯਿਸੂ ਨੇ ਇਹ ਛੱਡਣ ਲਈ ਕਿਹਾ। ਉਹ ਮੰਗ ਕਰਦਾ ਹੈ ਕਿ ਅਸੀਂ ਸਭ *ਕਿਸੇ ਵੀ ਚੀਜ਼ ਨੂੰ* ਜੋ ਸਾਨੂੰ ਉਸ ਦੇ ਪ੍ਰਤੀ ਸੰਪੂਰਣ ਸਮਰਪਣ ਤੋਂ ਰੋਕਦੀ ਹੈ, ਛੱਡ ਦਈਏ। ਇਹ ਚੀਜ਼ ਧਨ ਹੋ ਸਕਦਾ ਹੈ। ਨਿੱਜੀ ਅਨੰਦ, ਨਿੱਜੀ ਗਲਤੀ ਜਾਂ ਗਲਤ ਦੋਸਤ ਹੋ ਸਕਦੇ ਹਨ। ਜੋ ਵੀ ਹੋਵੇ, ਪ੍ਰਭੂ ਮੰਗ ਕਰਦਾ ਹੈ ਕਿ ਸਾਡੇ ਵਿਚਾਰਾਂ ਅਤੇ ਧਿਆਨ ਵਿਚ *ਪਹਿਲ* ਉਸ ਨੂੰ ਮਿਲੇ।

ਜੇ ਤੁਹਾਨੂੰ ਦੁਖਾਂਤ ਵਾਲੀਆਂ ਕਹਾਣੀਆਂ ਪਸੰਦ ਨਹੀਂ ਹਨ ਤਾਂ ਸ਼ਾਇਦ ਤੁਹਾਨੂੰ ਇਸ ਕਹਾਣੀ ਦਾ ਅੰਤ ਨਹੀਂ ਸੁਣਨਾ ਚਾਹੀਦਾ। ਯਿਸੂ ਨੇ ਉਸ ਜਵਾਨ ਦੀਆਂ ਤਰਜੀਹਾਂ ਨੂੰ ਪਰਖਿਆ ਸੀ ਅਤੇ ਉਹ ਉਸ ਪਰਤਾਵੇ ਵਿਚ ਨਾਕਾਮ ਹੋ ਗਿਆ। ''ਪਰ ਉਹ ਏਸ ਗੱਲੋਂ ਭੈੜਾ ਪਿਆ ਅਤੇ ਉਦਾਸ ਹੋ ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ।''

ਉਸਨੂੰ ਇਸ ਗੱਲ ਦੀ ਸੋਭਾ ਮਿਲਣੀ ਚਾਹੀਦੀ ਹੈ ਕਿ ਉਹ ਉਦਾਸ ਹੋਇਆ। ਉਸਨੇ ਮਸੀਹ ਦੇ ਸੱਦੇ ਦਾ ਮਜ਼ਾਕੀਆ ਢੰਗ ਨਾਲ ਇਨਕਾਰ ਨਹੀਂ ਕੀਤਾ, ਜਿਵੇਂ ਕਿ ਕੁਝ ਲੋਕ ਕਰਦੇ ਹਨ।[6] ਉਸ ਦਾ ਚੇਹਰਾ ਉਦਾਸ ਸੀ ਕਿਉਂਕਿ ਉਹ ਪ੍ਰਭੂ ਨਾਲ ਪਿਆਰ ਕਰਦਾ ਸੀ, ਪਰ ਆਪਣੇ ਧਨ ਨਾਲ ਵੀ ਪਿਆਰ ਕਰਦਾ ਸੀ ਅਤੇ ਉਸ ਨੇ ਦੋਹਾਂ ਵਿੱਚੋਂ ਇਕ ਨੂੰ ਚੁਣਨਾ ਸੀ। ਉਹ ਦੋਹਾਂ ਨੂੰ ਹੀ ਛੱਡਣਾ ਨਹੀਂ ਸੀ ਚਾਹੁੰਦਾ; ਇਸ ਲਈ ਯਿਸੂ ਨੂੰ ਛੱਡ ਕੇ ਜਾਣ ਲੱਗਿਆਂ ਉਹ ਉਦਾਸ ਸੀ। ਇਸ ਤੇ ਵਿਚਾਰ ਕਰੋ: ਉਹ ਮਸੀਹ ਨਾਲ ਪਿਆਰ ਕਰਦਾ ਸੀ; ਪਰ ਆਪਣੇ ਧਨ ਨਾਲ *ਇਸ ਨਾਲੋਂ ਵੱਧ* ਪਿਆਰ ਕਰਦਾ ਸੀ। ਸਾਵਧਾਨ ਰਹੋ ਕਿ ਤੁਹਾਡਾ ਮਨ ਕਿੱਥੇ ਲੱਗਾ ਹੈ।

''ਉਹ ਉਦਾਸ ਹੋ ਕੇ ਚਲਿਆ ਗਿਆ''– ਪਰ ਉਹ ਚਲਿਆ ਗਿਆ, ਅਤੇ ਉਸਦਾ ਨਤੀਜਾ ਉਹੋ ਹੋਇਆ ਜੋ ਆਦਰ ਨਾ ਕਰਨ ਵਾਲੇ ਅਤੇ ਕਠੋਰ ਆਦਮੀ ਬਣਨ ਤੇ ਹੁੰਦਾ ਹੈ। ਉਸ ਨੇ ਉਸ ਸਦੀਪਕ ਜ਼ਿੰਦਗੀ ਨੂੰ ਜਿਸ ਨੂੰ ਉਹ ਬਹੁਤ ਚਾਹੁੰਦਾ ਸੀ ਆਪਣੇ ਆਪ ਵਿੱਚੋਂ ਕੱਢ ਕੇ ਗਲਤ ਪਸੰਦ ਨੂੰ ਚੁਣਿਆ।

ਮੈਂ ਤੁਹਾਡੇ ਕੋਲੋਂ ਇਕ ਸਵਾਲ ਪੁੱਛਦਾ ਹਾਂ: ਕੀ ਇਸ ਤਰ੍ਹਾਂ ਹੋ ਸਕਦਾ ਹੈ ਕਿ ਯਿਸੂ ਕਿਸੇ ਨਾਲ

ਪਿਆਰ ਕਰੇ ਅਤੇ ਫਿਰ ਵੀ ਉਹ ਆਦਮੀ ਗੁਆਚ ਜਾਵੇ? ਮਸੀਹ ਇਸ ਆਦਮੀ ਨਾਲ ਪਿਆਰ ਕਰਦਾ ਸੀ ਅਤੇ ਉਹ ਗੁਆਚ ਗਿਆ ਸੀ। ਪ੍ਰਭੂ ਦਾ ਪਿਆਰ (ਰੋਮੀਆਂ 5:8) ਹੀ ਕਾਫ਼ੀ ਨਹੀਂ ਹੈ। ਉਸ ਪਿਆਰ ਦੇ ਬਦਲੇ ਉਸਦੀ ਮਰਜ਼ੀ ਨੂੰ ਮੰਨ ਕੇ ਤੁਹਾਡਾ ਵੀ ਮੁੜ ਕੇ ਉਸ ਨੂੰ ਪਿਆਰ ਕਰਨਾ ਜ਼ਰੂਰੀ ਹੈ (ਯੂਹੰਨਾ 14:15)।

## ਤੁਹਾਡੀ ਜ਼ਿੰਦਗੀ ਵਿਚ ਕੀ ਘਾਟਾ ਹੈ ?

ਉਸ ਜਵਾਨ ਦੀ ਕਹਾਣੀ ਇਕ ਦੁੱਖਦਾਈ ਟਿੱਪਣੀ ਨਾਲ ਖ਼ਤਮ ਹੋਈ, ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਸ ਸਰਮਨ ਦਾ ਸੁੱਖਦਾਈ ਅੰਤ ਕਿਵੇਂ ਹੋ ਸਕਦਾ ਹੈ: ਉਹੋ ਸਵਾਲ ਜਿਹੜਾ ਉਸ ਨੇ ਪੁੱਛਿਆ ਸੀ, ਤੁਸੀਂ ਆਪਣੇ ਆਪ ਤੋਂ ਪੁੱਛੋ ਅਤੇ ਫਿਰ ਉਹੋ *ਕਰੋ,* ਜੋ ਪ੍ਰਭੂ ਤੁਹਾਨੂੰ ਕਰਨ ਲਈ ਕਹਿੰਦਾ ਹੈ। ਇਹ ਪੁੱਛਦੇ ਹੋਏ ਸ਼ੁਰੂ ਕਰੋ, ''ਮੇਰੇ ਵਿਚ ਕਿਸ ਗੱਲ ਦਾ ਘਾਟਾ ਹੈ?'' ਕੁਝ ਚਿਰ ਪਹਿਲਾਂ, ਅਸੀਂ ਯਿਸੂ ਦੇ ਕੁਝ ਹੁਕਮ ਵੇਖੇ ਹਨ। ਕੀ ਤੁਹਾਡੇ ਅੰਦਰ ਵਿਸ਼ਵਾਸ ਦਾ ਘਾਟਾ ਹੈ? ਕੀ ਤੁਹਾਡੇ ਅੰਦਰ ਤੌਬਾ ਕਰਨ ਦਾ ਘਾਟਾ ਹੈ? ਕੀ ਤੁਹਾਡੇ ਅੰਦਰ ਇਕਰਾਰ ਕਰਨ ਦਾ ਘਾਟਾ ਹੈ? ਕੀ ਤੁਹਾਡੇ ਅੰਦਰ ਬਪਤਿਸਮੇ ਦਾ ਘਾਟਾ ਹੈ? ਕੀ ਤੁਹਾਡੇ ਅੰਦਰ ਵਿਸ਼ਵਾਸ ਜਾਂ ਸਮਰਪਿਤ ਜ਼ਿੰਦਗੀ ਦਾ ਘਾਟਾ ਹੈ? ਸਵਾਲ ਪੁੱਛਣ ਵਾਲੇ ਨੂੰ ਮਸੀਹ ਨੇ ਦੱਸਿਆ ਸੀ, ''ਤੇਰੇ ਵਿਚ ਇਕ ਗੱਲ ਦਾ ਘਾਟਾ ਹੈ'' (ਮਰਕੁਸ 10:21)। ਕੀ ਖ਼ੁਦਾ ਦੀ ਗੱਲ ਮੰਨਣ ਲਈ ਤੁਹਾਡੇ ਅੰਦਰ ਕਿਸੇ ਵੱਡੀ ਗੱਲ ਦਾ ਘਾਟਾ ਹੈ? ਮੈਂ ਖੇਤ ਵਿਚ ਖਰਾਬ ਹੋਈ ਇਕ ਵੱਡੀ ਕੰਬਾਈਨ ਨੂੰ ਖੜਾ ਵੇਖਿਆ ਸੀ, ਕਿਉਂਕਿ ਉਸਦਾ ਇਕ ਪਾਰਟ ਨਹੀਂ ਮਿਲ ਰਿਹਾ ਸੀ। ਇਕ ਹੀ ਚੀਜ਼, ਪਤਵਾਰ ਦੇ ਬਿਨਾਂ ਜਹਾਜ਼ ਬੇਕਾਰ ਹੋ ਜਾਂਦਾ ਹੈ।[7]

ਪ੍ਰਭੂ ਦੀਆਂ ਸ਼ਰਤਾਂ ਵਿੱਚੋਂ ਕਿਸੇ ਇਕ ਹੁਕਮ ਦੀ ਹੀ ਪਾਲਨਾ ਨਾ ਕਰ ਪਾਉਣ ਦਾ ਨਤੀਜਾ ਖ਼ਤਰਨਾਕ ਸਾਬਿਤ ਹੋ ਸਕਦਾ ਹੈ। ਯਿਸੂ ਨੇ ਕਿਹਾ, ''... ਜੇ ਤੁਸੀਂ ਪਰਤੀਤ ਨਾ ਕਰੋ ... ਤਾਂ ਆਪਣੇ ਪਾਪਾਂ ਵਿਚ ਮਰੋਗੇ''; ''ਜੇ ਤੁਸੀਂ ਤੌਬਾ ਨਾ ਕਰੋ ਤਾਂ ... ਨਾਸ ਹੋ ਜਾਓਗੇ''; ''ਜੋ ਕੋਈ ...ਮੇਰਾ ਇਨਕਾਰ ਕਰੇਗਾ, ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ ਉਹ ਦਾ ਇਨਕਾਰ ਕਰਾਂਗਾ''; ''ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀ ਸਕਦਾ'' (ਯੂਹੰਨਾ 8:24; ਲੂਕਾ 13:3; ਮੱਤੀ 10:33; ਯੂਹੰਨਾ 3:5)। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਮਸੀਹੀ ਲੋਕਾਂ ਕੋਲੋਂ ਪੁੱਛਿਆ ਸੀ, ''ਤਾਂ ਅਸੀਂ ਕਿੱਕੁਰ ਬਚ ਨਿੱਕਲਾਂਗੇ ਜੋ ਐਡੀ ਵੱਡੀ ਮੁਕਤੀ ਦੀ ਬੇਪਰਵਾਹੀ ਕਰੀਏ?'' (ਇਬਰਾਨੀਆਂ 2:3)। ਪ੍ਰਭੂ ਨੂੰ ਪਤਾ ਹੈ ਕਿ ਤੁਹਾਡੀ ਜ਼ਿੰਦਗੀ ਵਿਚ ਕਿਸ ਗੱਲ ਦਾ ਘਾਟਾ ਹੈ, ਅਤੇ ਸ਼ਾਇਦ ਤੁਹਾਨੂੰ ਵੀ।

ਇਸ ਤੇ ਵਿਚਾਰ ਕਰੋ: ਉਸ ਅਮੀਰ ਜਵਾਨ ਅੰਦਰ ਇਸ ਗੱਲ ਦਾ ਘਾਟਾ ਨਾ ਹੁੰਦਾ ਜੇ ਉਸ ਨੇ ਮਸੀਹ ਦੀ ਸ਼ਰਤ ਨੂੰ ਮੰਨ ਲਿਆ ਹੁੰਦਾ। ਚਾਲੀ ਤੋਂ ਵੀ ਘੱਟ ਸਾਲਾਂ ਬਾਅਦ, ਰੋਮੀਆਂ ਨੇ ਦੇਸ਼ ਦਾ ਸਫ਼ਾਇਆ ਕਰਕੇ, ਯਹੂਦੀਆਂ ਦੇ ਭਵਿੱਖ ਨੂੰ ਮਿਟਾ ਦਿੱਤਾ, ਅਤੇ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਸੀ। ਅਖ਼ੀਰ ਵਿਚ, ਉਸ ਆਦਮੀ ਨੇ ਸਿਰਫ਼ ''ਸੁਰਗ ਵਿਚ ਧਨ'' ਹੀ ਨਹੀਂ ਗੁਆਇਆ ਸੀ ਬਲਕਿ ਉਹ ਵੀ ਗੁਆ ਦਿੱਤਾ ਜੋ ਉਸ ਨੇ ਪਾਈ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਜੇ ਤੁਸੀਂ ਆਪਣੇ ਆਪ ਨੂੰ ਪ੍ਰਭੂ ਨੂੰ ਦਿੰਦੇ ਹੋ, ਤਾਂ ਤੁਸੀਂ ਕਿਸੇ ਕੀਮਤੀ ਚੀਜ਼ ਨੂੰ ਨਹੀਂ ਗੁਆਓਗੇ (ਫ਼ਿਲਿੱਪੀਆਂ 3:7,8)। ਤੁਹਾਨੂੰ ਧਰਤੀ ਤੇ ਇੱਥੇ ਅਨੰਦ ਭਰਪੂਰ ਅਤੇ ਭਰਪੂਰ ਜ਼ਿੰਦਗੀ ਮਿਲੇਗੀ, ਅਤੇ ਇਸ ਜ਼ਿੰਦਗੀ ਦੇ ਬਾਅਦ ਖ਼ੁਦਾ ਦੇ ਭੰਡਾਰ ਤੁਹਾਡੀ ਉਡੀਕ ਕਰ ਰਹੇ ਹੋਣਗੇ (ਮੱਤੀ 19:29)।

ਜੇ ਤੁਹਾਡੀ ਜ਼ਿੰਦਗੀ ਵਿਚ ਕਿਸੇ ਗੱਲ ਦਾ ਘਾਟਾ ਹੈ, ਤਾਂ ਹੁਣੇ ਪ੍ਰਭੂ ਦੇ ਕੋਲ ਆ ਜਾਓ ਅਤੇ ਉਹ ਤੁਹਾਡੇ ਘਾਟੇ ਨੂੰ ਪੂਰਾ ਕਰ ਦੇਵੇਗਾ।

ਟਿੱਪਣੀਆਂ

[1]ਇਸ ਸਰਮਨ ਵਿਚ ਮੁੱਖ ਹਵਾਲਾ ਮਰਕੁਸ 10 ਦਾ ਹੀ ਹੈ, ਪਰ ਕਿਤੇ–ਕਿਤੇ ਮੈਂ ਮੱਤੀ 19 ਅਤੇ ਲੂਕਾ 18 ਦੀਆਂ ਸਮਾਨਾਂਤਰ ਆਇਤਾਂ ਵਿੱਚੋਂ ਵੀ ਹਵਾਲੇ ਲਏ ਹਨ। [2]ਰੋਮੀਆਂ 4:5 ਅਤੇ ਉਸ ਨਾਲ ਜੁੜੀਆਂ ਆਇਤਾਂ ਦੱਸਦੀਆਂ ਹਨ ਕਿ ਅਸੀਂ ਆਪਣੀ ਮੁਕਤੀ ਨੂੰ ਕਮਾ ਨਹੀਂ ਸਕਦੇ; ਪਰ ਉਹ ਇਹ ਨਹੀਂ ਕਹਿੰਦੀਆਂ ਕਿ ਬਚਾਏ ਜਾਣ ਲਈ ਖ਼ੁਦਾ ਦੇ ਹੁਕਮ ਨੂੰ ਮੰਨਣਾ ਜ਼ਰੂਰੀ ਨਹੀਂ ਹੈ। [3]ਯਿਸੂ ਦੀ ਮੌਤ ਤਕ ਪੁਰਾਣਾ ਨੇਮ ਪ੍ਰਭਾਵੀ ਸੀ; ਉਸ ਵਕਤ ਨਵਾਂ ਨੇਮ ਪ੍ਰਭਾਵੀ ਹੋਇਆ (ਵੇਖੋ ਕੁਲੁੱਸੀਆਂ 2:14; ਇਬਰਾਨੀਆਂ 9:15–17)। [4]ਇਸ ਸਰਮਨ ਦੀ ਵਰਤੋਂ ਤੁਹਾਡੇ ਸੁਣਨ ਵਾਲਿਆਂ ਦੀਆਂ ਜ਼ਿੰਦਗੀਆਂ ਵਿਚ ਪਾਏ ਜਾਣ ਵਾਲੇ ਕਿਸੇ ''ਘਾਟੇ'' ਵੱਲ ਧਿਆਨ ਦੁਆਉਣ ਲਈ ਕੀਤੀ ਜਾ ਸਕਦੀ ਹੈ। ਇਸ ਪਾਠ ਵਿਚ, ਜ਼ੋਰ ਮਸੀਹੀ ਬਣਨ ਤੇ ਹੈ, ਪਰ ਸਰਮਨ ਵਫ਼ਾਦਾਰ ਮਸੀਹੀ ਜ਼ਿੰਦਗੀ ਜੀਉਣ ਤੇ ਜ਼ੋਰ ਦੇਣ ਲਈ ਵੀ ਵਰਤਿਆ ਜਾ ਸਕਦਾ ਹੈ। [5]ਵੇਖੋ ਇਬਰਾਨੀਆਂ 12:6. [6]ਤੁਸੀਂ ਲੋਕਾਂ ਨੂੰ ਪ੍ਰਭੂ ਦੇ ਹੁਕਮ ਨੂੰ ਮੰਨਣ ਦੀ ਬੇਨਤੀ ਕਰਨ ਲਈ ਉਨ੍ਹਾਂ ਦੇ ਲਾਪਰਵਾਹ ਜਵਾਬਾਂ ਦੀ ਉਦਾਹਰਣ ਦੇ ਸਕਦੇ ਹੋ। [7]''ਸਿਰਫ਼ ਇਕ ਚੀਜ਼'' ਘੱਟ ਹੋਣ ਦੇ ਤਬਾਹਕੁਨ ਪ੍ਰਭਾਵ ਦਾ ਆਪਣਾ ਅਨੁਭਵ ਦੱਸ ਸਕਦੇ ਹੋ।